# ਬਲਦੇਵ ਸਿੰਘ ਧਾਲੀਵਾਲ ਦੀ ਸਫ਼ਰਨਾਮਾਕਾਰੀ

ਸੰਪਾਦਕ :
ਡਾ. ਸੁਖਪਾਲ ਸਿੰਘ ਥਿੰਦ

International Publishers
of Indian and Foreign Languages

Representation Offices
• 596 Street, Madera, California-93638
• 8 Automatic Rd, Unit 2C, Brampton L6S 3N5, Canada

*Punjabi Criticism/Travelogue*

ISBN : 978-93-5068-172-5
Price : 250/-

# Baldev Singh Dhaliwal Di Safarnamakari

*Edited by*

**Dr. Sukhpal Singh Thind**
Associate Professor, Govt. College, Kapurthala
Mobile : 9888521960
e-mail : sukhpalthind@yahoo.com

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan, Ludhiana
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

© *Editor*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


* ਬਲਦੇਵ ਸਿੰਘ ਧਾਲੀਵਾਲ ਦੀ ਸਫ਼ਰਨਾਮਾਕਾਰੀ ਦਾ ਸੰਵਾਦ 9

**ਭਾਗ ਪਹਿਲਾ**

* ਮੋਤੀਆਂ ਦੀ ਚੋਗ : ਦਿਸ਼ਾ ਅਤੇ ਦ੍ਰਿਸ਼ਟੀ 17
  *ਬਲਵਿੰਦਰ ਸਿੰਘ ਗਰੇਵਾਲ*
* ਮੋਤੀਆਂ ਦੀ ਚੋਗ : ਸਫ਼ਰਨਾਮੇ ਦੀਆਂ ਨਵੀਆਂ ਸੰਭਾਵਨਾਵਾਂ ਦਾ ਸੰਗਮ 25
  *ਡਾ. ਸੁਖਪਾਲ ਸਿੰਘ ਥਿੰਦ*
* ਮੋਤੀਆਂ ਦੀ ਚੋਗ : ਅੰਤਰ-ਸਭਿਆਚਾਰਕ ਦਵੰਦ ਦੀ ਪੇਸ਼ਕਾਰੀ 36
  *ਹਰਜਿੰਦਰ ਸਿੰਘ*
* ਮੋਤੀਆਂ ਦੀ ਚੋਗ : ਰੀਵਿਊ ਅਤੇ ਸੰਖੇਪ ਟਿੱਪਣੀਆਂ 51

**ਭਾਗ ਦੂਜਾ**

* ਥੇਮਜ਼ ਨਾਲ ਵਗਦਿਆਂ : ਪਾਠਕ ਦੀ ਅਨੁਕ੍ਰਿਆ 74
  *ਡਾ. ਕਲਦੀਪ ਸਿੰਘ ਧੀਰ*
* ਥੇਮਜ਼ ਨਾਲ ਵਗਦਿਆਂ : ਕੁਝ ਪ੍ਰਭਾਵ 86
  *ਡਾ. ਸੁਰਜੀਤ*
* ਥੇਮਜ਼ ਨਾਲ ਵਗਦਿਆਂ : ਇਕ ਸੰਵਾਦ 96
* ਥੇਮਜ਼ ਨਾਲ ਵਗਦਿਆਂ : ਰਚਨਾਤਮਕ ਪਾਸਾਰ 107
  *ਹਰਜਿੰਦਰ ਸਿੰਘ*
* ਥੇਮਜ਼ ਨਾਲ ਵਗਦਿਆਂ ਬਾਰੇ ਕਾਵਿ-ਸੰਵਾਦ 119
  *ਸਰਬਜੀਤ ਸਿੰਘ ਵਿਰਕ*
* ਥੇਮਜ਼ ਨਾਲ ਵਗਦਿਆਂ : ਰੀਵਿਊ ਅਤੇ ਸੰਖੇਪ ਟਿੱਪਣੀਆਂ 124

**ਭਾਗ ਤੀਜਾ**


* ਚੰਨ ਤੇ ਤਾਰਾ : ਦੀਦਾਰ-ਏ-ਪਾਕਿਸਤਾਨ 132
  *ਡਾ. ਬਲਜਿੰਦਰ ਨਸਰਾਲੀ*
* ਚੰਨ ਤੇ ਤਾਰਾ : ਸਹਿਮ ਦੇ ਸਾਏ ਹੇਠਲੀ ਯਾਤਰਾ ਦਾ ਬਿਰਤਾਂਤ 140
  *ਹਰਜਿੰਦਰ ਸਿੰਘ*
* ਚੰਨ ਤੇ ਤਾਰਾ : ਰੀਵਿਊ 151
* **ਅੰਤਿਕਾ :** ਬਲਦੇਵ ਸਿੰਘ ਧਾਲੀਵਾਲ : ਰਚਨਾ-ਕਾਰਜ 155

## ਚੰਨ ਤੇ ਤਾਰਾ : ਸਹਿਮ ਦੇ ਸਾਏ ਹੇਠਲੀ ਯਾਤਰਾ ਦਾ ਬਿਰਤਾਂਤ

ਹਰਜਿੰਦਰ ਸਿੰਘ

**ਚੰਨ ਤੇ ਤਾਰਾ** ਬਲਦੇਵ ਸਿੰਘ ਧਾਲੀਵਾਲ ਦਾ ਪਾਕਿਸਤਾਨ ਬਾਰੇ ਲਿਖਿਆ ਗਿਆ ਅਹਿਮ ਸਫ਼ਰਨਾਮਾ ਹੈ। ਇਸ ਸਫ਼ਰਨਾਮੇ ਵਿਚ ਧਾਲੀਵਾਲ ਨੇ ਪਾਕਿਸਤਾਨ ਵਿਚ ਹੋਏ 'ਬਾਬਾ ਫਰੀਦ ਇੰਟਰਨੈਸ਼ਨਲ ਸੰਮੇਲਨ' (2008) ਸਮੇਂ ਪ੍ਰਾਪਤ ਹੋਏ ਅਨੁਭਵਾਂ ਨੂੰ ਬਿਰਤਾਂਤਿਕ ਮੁਹਾਂਦਰਾ ਦਿੱਤਾ ਹੈ। ਇਸ ਸੰਮੇਲਨ ਤੇ ਜਾਣ ਲਈ ਵੀਜ਼ਾ ਲੈਣ ਤੋਂ ਲੈ ਕੇ ਪਾਕਿਸਤਾਨ ਜਾਣ ਦੇ ਸਫ਼ਰ ਦੌਰਾਨ, ਉਥੇ ਘੁੰਮਣ-ਫਿਰਣ ਅਤੇ ਵਾਪਸੀ ਸਮੇਂ ਦੇ ਸੰਕਟਾਂ ਕਾਰਨ ਪੈਦਾ ਹੋਈ ਬੇਚੈਨੀ ਦੇ ਕਾਰਣ ਵਜੋਂ ਸਹਿਮ/ਡਰ ਲੇਖਕ ਦੇ ਅੰਦਰ ਪੱਸਰਿਆ ਰਹਿੰਦਾ ਹੈ। ਸਹਿਮ ਲੇਖਕ ਦੇ ਹੀ ਨਹੀਂ ਸਗੋਂ ਪੂਰੀ ਰਚਨਾ ਦੇ ਆਰ-ਪਾਰ ਫੈਲਿਆ ਨਜ਼ਰ ਆਉਂਦਾ ਹੈ। ਸਥਿਤੀਆਂ ਐਸੀਆਂ ਹਨ ਜਿੱਥੇ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੇ ਆਮ ਬਸ਼ਿੰਦੇ ਨੂੰ ਸਹਿਮ ਦੇ ਸਾਏ ਹੇਠ ਰਹਿਣ ਲਈ ਮਜਬੂਰ ਕਰ ਦਿੱਤਾ ਹੈ।

ਧਾਲੀਵਾਲ ਨੇ ਇਸ ਸਫ਼ਰਨਾਮੇ ਨੂੰ ਲਾਹੌਰ ਤੇ ਉਸ ਦੇ ਆਸ-ਪਾਸ ਦੀ ਪੰਛੀ ਝਾਤ ਹੀ ਕਿਹਾ ਹੈ ਪਰ ਆਪਣੀ ਵਿਸ਼ਾਲ ਦ੍ਰਿਸ਼ਟੀ ਰਾਹੀਂ ਜੋ ਉਹਨਾਂ ਪੇਸ਼ ਕੀਤਾ ਹੈ ਉਹ ਸਮਕਾਲੀ ਪੰਜਾਬੀ ਸਫ਼ਰਨਾਮਾ ਵਿਧਾ ਵਿਚ ਨਵੇਂ ਪ੍ਰਤੀਮਾਨ ਸਿਰਜਨ ਵਾਲੀ ਗੱਲ ਹੈ। ਭਾਵੇਂ ਧਾਲੀਵਾਲ ਨੇ ਇਸ ਸਫ਼ਰਨਾਮੇ ਨੂੰ ਚੌਲਾਂ ਦੀ ਭਰੀ ਦੇਗ ਵਿਚੋਂ ਇਕ ਦਾਣਾ ਟੋਹ ਕੇ ਵੇਖਣ ਵਾਲੀ ਗੱਲ ਹੀ ਕਿਹਾ ਹੈ ਪਰ ਧਾਲੀਵਾਲ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਚੌਲਾਂ ਦਾ ਇਕ ਦਾਣਾ ਟੋਹ ਕੇ ਹੀ ਪਾਠਕ ਨੂੰ ਪੂਰੀ ਦੇਗ ਦਾ ਜਾਇਜ਼ਾ ਕਰਵਾ ਦਿੱਤਾ ਹੈ।

ਪਹਿਲੇ ਕਾਂਡ 'ਦਰਸ਼ਨ ਹੋ ਗਏ ਮਹਿੰਗੇ' ਵਿਚ ਧਾਲੀਵਾਲ ਆਪਣੇ ਵਾਰ-ਵਾਰ ਪਾਕਿਸਤਾਨ ਜਾਣ ਦੀਆਂ ਕੋਸ਼ਿਸ਼ਾਂ ਤੇ ਹਰ ਵਾਰ ਨਾਕਾਮ ਹੋਣ ਪਿੱਛੇ ਕਾਰਜਸ਼ੀਲ ਕਾਰਨਾ ਬਾਰੇ ਪਾਠਕ ਨੂੰ ਜਾਣੂੰ ਕਰਵਾਉਂਦੇ ਹਨ। ਪਹਿਲੀ ਵਾਰ 2001 ਵਿਚ ਫ਼ਖਰ ਜ਼ਮਾਨ ਹੋਰਾਂ ਵਾਲੀ 'ਆਲਮੀ ਪੰਜਾਬੀ ਕਾਨਫਰੰਸ' 'ਤੇ ਪਾਕਿਸਤਾਨ ਜਾਣ ਦਾ ਸਬੱਬ ਬਣਦਾ ਹੈ ਪਰ ਲੇਖਕ ਦੇ ਕਹਿਣ ਮੁਜਬ ਸੰਤੋਖ ਸਿੰਘ ਮੰਡੇਰ ਵਰਗੇ ਘੜੰਮ ਚੌਧਰੀਆਂ ਦੁਆਰਾ ਆਖਰੀ ਮੌਕੇ 'ਤੇ ਲੇਖਕ ਤੇ ਕਈ ਹੋਰ ਨਾਮਵਰ ਲੇਖਕਾਂ ਦੇ ਨਾਂ ਕਟਵਾ ਕੇ ਆਪਣੇ ਚਹੇਤਿਆਂ ਦੇ ਪਰਿਵਾਰਾਂ ਨੂੰ ਸ਼ਾਮਿਲ ਕਰ ਲਿਆ ਗਿਆ। ਫਿਰ 2004 ਵਿਚ ਕਾਨਫਰੰਸ ਦੇ ਜ਼ਰੀਏ ਪਾਕਿਸਤਾਨ ਜਾਣ ਦਾ ਮੌਕਾ ਬਣਨ ਲੱਗਿਆ ਪਰ ਫਿਰ ਅੰਬੈਸੀ ਵਾਲਿਆਂ ਕਿਸੇ ਕਾਰਨ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਕਈ ਵਾਰ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕੀਤੀ ਪਰ ਰਾਸ ਨਾ ਆਈ। ਵਾਰ-ਵਾਰ ਪੈਂਦੇ ਵਿਘਨ ਦੇ ਕਾਰਨਾਂ ਨੂੰ ਲੇਖਕ ਭਲੀ ਭਾਂਤ

ਜਾਣਦਾ ਹੈ ਕਿ ਭਾਰਤੀ ਤੇ ਪਾਕਿਸਤਾਨੀ ਲੀਡਰ ਆਮ ਜਨਤਾ ਦੇ ਜਜ਼ਬਾਤਾਂ 'ਤੇ ਸਿਆਸਤ ਕਰਦੇ ਹਨ। ਉਹ ਪਿਆਰ ਮੁਹੱਬਤ ਨਾਲ ਰਹਿੰਦੇ ਲੋਕਾਂ ਨੂੰ ਆਪਣੀਆਂ ਕੋਝੀਆਂ ਚਾਲਾਂ ਨਾਲ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣਾ ਦਿੰਦੇ ਹਨ। ਉਹ ਆਪ ਆਪਣੇ ਮਹਿਲਾਂ ਵਿਚ ਬੈਠ ਕੇ ਤਮਾਸ਼ਾ ਵੇਖਦੇ ਹਨ। ਇਸੇ ਕਾਰਨ ਵੀਜ਼ਾ ਮਿਲਣ ਦੇ ਬਾਵਜੂਦ ਲੇਖਕ ਪਹਿਲਾਂ ਹੋਈ ਖੱਜਲ-ਖ਼ੁਆਰੀ ਤੇ ਮਿਲਦੇ ਰਹੇ ਜਵਾਬ ਦੇ ਡਰ ਕਾਰਨ ਸੱਚ ਨਹੀਂ ਮੰਨਦੇ ਤੇ ਨਾ ਹੀ ਕਿਸੇ ਆਪਣੇ ਮਿੱਤਰ ਨੂੰ ਦੱਸਦੇ ਹਨ। ਕੀ ਪਤਾ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਦਾ ਕਿ ਕਦੋਂ ਕੋਈ ਚੁਆਤੀ ਸਿੱਟ ਦੇਣ ਤੇ ਲੋਕਾਂ ਦਾ ਆਉਣਾ ਜਾਣਾ ਬੰਦ ਹੋ ਜਾਵੇ ? ਇਸੇ ਡਰ/ਸਹਿਮ ਦੇ ਸਾਏ ਹੇਠ ਦੱਬੇ ਹੋਏ ਉਹ ਆਖਦੇ ਹਨ :

> ''ਨਾ ਜਾਣੀਏ ਆਖ਼ਰੀ ਵਕਤ ਕੋਈ ਨਵਾਂ ਟੈਂਟਾ ਪੈ-ਜੇ ਇਨ੍ਹਾਂ ਕੁੱਤੇ ਮੁਲਕਾਂ ਦਾ ਕੀ ਐ, ਹਰ ਵਕਤ ਤਾਂ ਇਕ ਦੂਜੇ ਨੂੰ ਦੰਦੀਆਂ ਵਿਖਾ-ਵਿਖਾ ਕੇ ਗੁਰਾਉਂਦੇ ਰਹਿੰਦੇ ਐ।'' (ਚੰਨ ਤੇ ਤਾਰਾ, ਪੰਨਾ-12)

ਇਉਂ ਸਹਿਮ ਦੇ ਸਾਏ ਹੇਠ ਦੱਬੇ ਧਾਲੀਵਾਲ ਜਦੋਂ ਆਪਣੇ ਪਾਸਪੋਰਟ ਤੇ ਲੱਗੇ ਵੀਜ਼ੇ ਨੂੰ ਦੇਖਦੇ ਹਨ ਤਾਂ ਪਾਕਿਸਤਾਨ ਦੇ ਮਹਿੰਗੇ ਦਰਸ਼ਨਾਂ ਦੀ ਰੀਝ ਨੂੰ ਫ਼ਲ ਪੈ ਜਾਂਦਾ ਹੈ। ਪਰ ਕੋਈ ਨਾ ਕੋਈ ਵਿਘਨ ਪੈਣ ਦਾ ਡਰ ਅੰਦਰ ਨਿਰੰਤਰ ਫੈਲਦਾ ਰਹਿੰਦਾ ਹੈ।

ਪਾਕਿਸਤਾਨ ਜਾਣ ਦੀ ਰੀਝ ਤਾਂ ਪੂਰੀ ਹੁੰਦੀ ਨਜ਼ਰ ਆਉਂਦੀ ਹੈ ਪਰ ਲੇਖਕ ਦੇ ਅੰਦਰ ਕਈ ਸਵਾਲ ਪ੍ਰਸ਼ਨ ਚਿੰਨ੍ਹ ਬਣ ਕੇ ਖੜ੍ਹੇ ਹੋ ਜਾਂਦੇ ਹਨ। 'ਮੇਰਾ ਪਾਕਿਸਤਾਨ' ਅਧਿਆਇ ਵਿਚ ਲੇਖਕ ਇਨ੍ਹਾਂ ਸਵਾਲਾਂ ਦਾ ਹੀ ਉੱਤਰ ਲੱਭਣ ਦੀ ਚੇਸ਼ਟਾ ਕਰਦਾ ਹੈ। ਸਵਾਲ ਹਨ - ਉਹ ਪਾਕਿਸਤਾਨ ਕਿਉਂ ਜਾਣਾ ਚਾਹੁੰਦਾ ਹੈ? ਪਾਕਿਸਤਾਨ ਨਾਲ ਉਸ ਦਾ ਕੀ ਰਿਸ਼ਤਾ ਹੈ? ਉਹਦੇ ਅੰਦਰ ਐਨੀ ਤੜਪ ਕਿਉਂ ਹੈ? ਆਦਿ। ਪਰ ਇਨ੍ਹਾਂ ਸਵਾਲਾਂ ਦਾ ਜਵਾਬ ਸਿੱਧ-ਪੱਧਰਾ ਨਹੀਂ ਹੈ। ਆਪਣੇ ਮਿੱਤਰ ਦੇਵ ਦਰਦ ਦੇ ਘਰ ਪਈਆਂ ਪੁਰਾਣੀਆਂ ਵਿਰਾਸਤੀ ਚੀਜ਼ਾਂ-ਵਸਤਾਂ (ਐਂਟੀਕ) ਨੂੰ ਨਿਹਾਰਦੇ ਹੋਇਆਂ 1947 ਤੋਂ ਪਹਿਲਾਂ ਦਾ ਵਿਸ਼ਾਲ ਖੇਤਰ ਵਿਚ ਫੈਲਿਆ ਪੰਜਾਂ ਦਰਿਆਵਾਂ ਦੇ ਪਾਣੀਆਂ ਨਾਲ ਸਿੰਜਿਆ ਸਾਂਝਾ ਪੰਜਾਬ ਲੇਖਕ ਦੇ ਜ਼ਿਹਨ ਚੋਂ ਗੁਜ਼ਰਦਾ ਹੈ। ਇਸ ਅਹਿਸਾਸ ਨੇ ਲੇਖਕ ਦੇ ਸਵਾਲਾਂ ਦਾ ਸ਼ਾਇਦ ਅੱਧਾ ਕੁ ਜਵਾਬ ਦੇ ਦਿੱਤਾ ਤੇ ਉਹ ਆਖਦਾ ਹੈ :

> ''ਪਾਕਿਸਤਾਨ ਵੀ ਸਾਇਦ ਮੈਂ ਸਾਂਝੇ ਪੰਜਾਬ ਦੇ ਗੁਆਚੇ ਨਕਸ਼ ਵੇਖਣ ਹੀ ਜਾਣਾ ਚਾਹੁੰਦਾ ਸਾਂ।'' (ਪੰਨਾ-13)

ਆਪਣੇ ਅੰਦਰੋਂ ਹੀ ਮਿਲੇ ਇਸ ਜਵਾਬ ਨੇ ਸਾਇਦ ਲੇਖਕ ਨੂੰ ਸੰਤੁਸ਼ਟ ਨਹੀਂ ਕੀਤਾ ਤੇ ਉਹ ਕੋਈ ਹੋਰ ਜਵਾਬ ਤਲਾਸ਼ਣ ਲੱਗਦਾ ਹੈ। ਉਸ ਦੇ ਪੁਰਖਿਆਂ ਦੀਆਂ ਜੜ੍ਹਾਂ ਵੀ ਪਾਕਿਸਤਾਨ ਵਿਚ ਨਹੀਂ ਸਨ। ਉਹ ਕੋਈ ਨੇਮੀ-ਧਰਮੀ ਸਿੱਖ ਸਰਧਾਲੂ ਵੀ ਨਹੀਂ ਜਿਹੜਾ ਵਿਛੜ ਗਏ ਗੁਰਧਾਮਾਂ ਦੇ ਦਰਸਨ ਕਰਨ ਲਈ ਜਾ ਰਿਹਾ ਹੋਵੇ। ਨਾ ਹੀ ਉਸਦਾ ਕੋਈ ਮਿੱਤਰ ਪਿਆਰਾ ਪਾਕਿਸਤਾਨ ਵਿਚ ਹੈ। ਇਸ ਤਰ੍ਹਾਂ ਦਾ ਕੋਈ ਵੀ ਰਿਸਤਾ ਜਾਂ ਸਾਂਝ ਨਾ

ਹੋਣ ਦੇ ਬਾਵਜੂਦ ਵੀ ਲੇਖਕ ਆਪਣੇ ਹੀ ਤਰ੍ਹਾਂ ਦਾ ਤਰਕ ਸਿਰਜਦਾ ਹੈ। ਲੇਖਕ ਦੀ ਬੇਬੇ ਵੰਡ ਤੋਂ ਪਹਿਲਾਂ ਉਸ ਦੇ ਪਿੰਡ ਰਹਿੰਦੀਆਂ ਆਪਣੀਆਂ ਮੁਸਲਮਾਨ ਸਹੇਲੀਆਂ ਹਮੀਦਾਂ ਤੇ ਜ਼ੁਬੇਦਾਂ ਨਾਲ ਬਚਪਨ ਤੇ ਜਵਾਨੀ ਵੇਲੇ ਹੰਢਾਏ ਦਿਨਾਂ ਦੀਆਂ ਗੱਲਾਂ ਕਰਦੀ ਰਹਿੰਦੀ ਸੀ। ਇਸੇ ਤਰ੍ਹਾਂ ਲੇਖਕ ਦਾ ਬਾਪੂ ਵੀ ਆਪਣੇ ਨਾਲ ਸੀਰੀ-ਸਾਂਝੀ ਰਲਦੇ ਰਹੇ ਮੁਸਲਮਾਨ ਫਜ਼ਲਦੀਨ ਅਤੇ ਅਹਿਮਦ ਬਾਰੇ ਆਪਣੀ ਸਾਂਝ ਅਤੇ ਪਿਆਰ ਦੀਆਂ ਗੱਲਾਂ ਕਰਦਾ ਸੀ, ਜੋ 1947 ਦੇ ਬਟਵਾਰੇ ਸਮੇਂ ਪਾਕਿਸਤਾਨ ਚਲੇ ਗਏ ਸਨ। ਇਸ ਤਰ੍ਹਾਂ ਬਚਪਨ ਵਿਚ ਸੁਣੀਆਂ ਮਾਪਿਆਂ ਦੀਆਂ ਗੱਲਾਂ ਲੇਖਕ ਅੰਦਰ ਪਾਕਿਸਤਾਨ ਦੇ ਮੁਸਲਮਾਨ ਪੰਜਾਬੀਆਂ ਦਾ ਅਕਸ ਮਿਲਾਪੜੇ ਲੋਕਾਂ ਵਾਲਾ ਬਣਾ ਦਿੰਦੀਆਂ ਹਨ। ਰੇਡੀਓ ਦੇ ਮਾਧਿਅਮ ਰਾਹੀਂ ਨੂਰ ਜਹਾਂ, ਅਪਸ਼ਾਂ, ਆਲਮ ਲੁਹਾਰ, ਗ਼ੁਲਾਮ ਅਲੀ, ਫਰੀਦਾ ਖਾਨੁਮ, ਮਹਿੰਦੀ ਹਸਨ, ਨੁਸਰਤ ਫ਼ਤਹਿ ਅਲੀ ਖਾਨ ਆਦਿ ਕਲਾਕਾਰ ਵੀ ਲੇਖਕ ਨੂੰ ਆਪਣੇ ਹੀ ਲੱਗਦੇ ਹਨ। ਪਾਕਿਸਤਾਨੀ ਪੰਜਾਬੀ ਲੋਕਾਂ ਨਾਲ ਆਪਣੇ ਪੁਰਖਿਆਂ ਦੇ ਗੂੜ੍ਹੇ ਸੰਬੰਧਾਂ ਦੀ ਰੌਸ਼ਨੀ ਵਿਚ ਲੇਖਕ ਦਾ ਮਾਨਵਵਾਦੀ ਜ਼ਾਵੀਏ ਤੋਂ ਆਪਣੀ ਸਾਂਝ ਦਾ ਤਰਕ ਕਮਾਲ ਦਾ ਹੈ :

> ''ਧਰਮ ਦੀ ਨਾ ਸਹੀ, ਜ਼ਾਤ ਦੀ ਨਾ ਸਹੀ, ਵਸੇਬੇ ਦੀ ਨਾ ਸਹੀ, ਰੋਟੀ-ਬੇਟੀ ਦੀ ਨਾ ਸਹੀ, ਫਿਰ ਵੀ ਸਾਂਝੀ ਰਹਿਤਲ ਦੀ ਕੋਈ ਸਾਂਝ ਸੀ ਜਿਸ ਕਰਕੇ ਪਾਕਿਸਤਾਨੀ ਪੰਜਾਬੀ ਦੂਜੇ ਮੁਲਕ ਦੇ ਹੁੰਦੇ ਹੋਏ ਵੀ ਮੈਨੂੰ ਆਪਣੇ ਵਰਗੇ ਲੱਗਦੇ ਸਨ।'' (ਪੰਨਾ-15)

ਇਉਂ ਲੇਖਕ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਪੰਜਾਬੀ ਪਾਠਕ ਵਰਗ ਨੂੰ ਆਪਣੀ ਸਾਂਝੀ ਰਹਿਤਲ ਦੀ ਉਸ ਧੁਰੀ ਤੋਂ ਵਾਕਿਫ਼ ਕਰਵਾਉਂਦਾ ਜਾਪਦਾ ਹੈ ਜਿਹੜੀ ਉਨ੍ਹਾਂ ਦੀਆਂ ਅੰਤਰੀਵੀ ਭਾਵਨਾਵਾਂ ਨੂੰ ਇਕ-ਦੂਜੇ ਦੇ ਸੰਪਰਕ ਵਿਚ ਲੈ ਕੇ ਆਉਂਦੀ ਹੈ। ਬੇਸ਼ੱਕ 1965 ਤੇ 1971 ਦੀਆਂ ਭਾਰਤ-ਪਾਕਿ ਜੰਗਾਂ ਨੇ ਲੇਖਕ ਦੇ ਬਾਲਮਨ ਉੱਪਰ ਪਾਕਿਸਤਾਨ ਦੀ ਦੁਸ਼ਮਣਾਂ ਵਾਲੀ ਤਸਵੀਰ ਉਕਰ ਦਿੱਤੀ ਸੀ ਪਰ ਜਦੋਂ ਸਮਾਂ ਬੀਤਣ ਨਾਲ ਤੇ ਅਕਾਦਮਿਕਤਾ ਨਾਲ ਜੁੜਨ ਕਾਰਨ ਸੋਝੀ ਆਈ ਤਾਂ ਲੇਖਕ ਨੂੰ ਇਕ ਨਹੀਂ ਸਗੋਂ ਕਈ ਪਾਕਿਸਤਾਨ ਨਜ਼ਰ ਆਉਂਦੇ ਹਨ। ਲੇਖਕ ਲੜਾਈਆਂ, ਝਗੜਿਆਂ ਤੇ ਦੁਸ਼ਮਣੀ ਦੀਆਂ ਗੱਲਾਂ ਕਰਨ ਵਾਲੇ ਪਾਕਿਸਤਾਨ ਨੂੰ, ਸਿਆਸੀ ਲੋਕਾਂ ਦਾ ਪਾਕਿਸਤਾਨ ਆਖਦਾ ਹੈ। ਆਮ ਲੋਕਾਂ ਨੂੰ ਆਪਸ ਵਿਚ ਲੜਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਪਰ ਦੂਜੇ ਪਾਸੇ ਆਮ ਲੋਕਾਂ ਦੇ ਪਾਕਿਸਤਾਨ ਨੂੰ ਲੇਖਕ ਆਪਣਾ ਪਾਕਿਸਤਾਨ ਆਖਦਾ ਹੈ :

> ''ਮੇਰਾ ਪਾਕਿਸਤਾਨ ਤਾਂ ਫਜ਼ਲਦੀਨ ਅਤੇ ਅਹਿਮਦ ਹੋਰਾਂ ਵਾਲਾ ਪਾਕਿਸਤਾਨ ਹੈ ਜਾਂ ਨੂਰ ਜਹਾਂ ਤੇ ਅਪਸ਼ਾਂ ਵਾਲਾ ਪਾਕਿਸਤਾਨ।'' (ਪੰਨਾ-15)

ਇਉਂ ਪਾਕਿਸਤਾਨੀ ਪੰਜਾਬੀ ਮੁਸਲਮਾਨਾਂ ਨਾਲ ਆਪਣੀ ਸਾਂਝ ਦੇ ਤਰਕ ਸਿਰਜ ਕੇ ਲੇਖਕ ਪੰਜਾਬੀ ਪਾਠਕਾਂ ਨੂੰ ਹੀ ਨਹੀਂ ਸਗੋਂ ਪੂਰੀ ਮਾਨਵਤਾ ਨੂੰ ਅਜਿਹਾ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਮਾਨਵਵਾਦੀ ਸਾਂਝ ਲਈ ਬਹੁਤੇ ਅਡੰਬਰਾਂ ਜਾਂ ਖ਼ੂਨ ਦੇ ਰਿਸ਼ਤਿਆਂ ਦੀ ਲੋੜ ਨਹੀਂ ਹੁੰਦੀ। ਸਾਂਝੀ ਰਹਿਤਲ ਦੀ ਸਾਂਝ ਵੀ ਕੋਈ ਛੋਟੀ ਸਾਂਝ ਨਹੀਂ ਹੁੰਦੀ। ਜਿਥੋਂ ਤੱਕ ਭਾਰਤੀ ਤੇ

ਪਾਕਿਸਤਾਨੀ ਆਮ ਲੋਕਾਂ ਦੀ ਸਾਂਝ ਦਾ ਸਰੋਕਾਰ ਹੈ ਉਹਨਾਂ ਨੂੰ ਆਪਸੀ ਪਿਆਰ/ਮੁਹੱਬਤ ਨਾਲ ਗੂੜ੍ਹੇ ਰਿਸ਼ਤੇ ਗੰਢਣੇ ਚਾਹੀਦੇ ਹਨ ਤੇ ਸਿਆਸੀ ਲੋਕਾਂ ਦੀਆਂ ਕੋਝੀਆਂ ਚਾਲਾਂ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ। ਆਪਣੀਆਂ ਸਾਂਝਾ ਨੂੰ ਕਿਸੇ ਵੀ ਕੀਮਤ ਤੇ ਆਂਚ ਨਹੀ ਆਉਣ ਦੇਣੀ ਚਾਹੀਦੀ।

'ਤੀਲੀ ਵਾਲੀ ਖਾਲ ਟੱਪ ਗਈ' ਅਧਿਆਇ ਦਾ ਨਾਂ ਬੜਾ ਸੰਕੇਤਕ ਤੇ ਲੋਕਧਾਰਿਕ ਰਮਜ਼ ਵਾਲਾ ਹੈ। ਇਸ ਵਿਚ ਲੇਖਕ ਭਾਰਤ ਦੇ ਅਟਾਰੀ ਰੇਲਵੇ ਸਟੇਸ਼ਨ ਤੇ ਪਾਕਿਸਤਾਨ ਦੇ ਵਾਘਾ ਵਿਖੇ ਬਣੇ ਅੰਤਰਰਾਸ਼ਟਰੀ ਏ.ਸੀ. ਇੰਮੀਗਰੇਸ਼ਨ ਹਾਲ ਦੇ ਹਵਾਲੇ ਨਾਲ ਭਾਰਤ ਤੇ ਪਾਕਿਸਤਾਨ ਦੀ ਤੁਲਨਾ ਕਰਦਾ ਨਜ਼ਰ ਆਉਂਦਾ ਹੈ। ਅਟਾਰੀ ਰੇਲਵੇ ਸਟੇਸ਼ਨ ਦੀ ਖਸਤਾ ਹਾਲਤ ਭਾਰਤ ਸਰਕਾਰ ਦੀਆਂ ਫੋਕੀਆਂ ਆਰਥਿਕ ਵਿਕਾਸ ਦੀਆਂ ਗੱਲਾਂ ਦੀ ਫੂਕ ਕੱਢਦੀ ਹੈ ਤੇ ਵਾਘਾ ਵਿਖੇ ਬਣਿਆ ਖੂਬਸੂਰਤ ਇੰਮੀਗਰੇਸ਼ਨ ਹਾਲ ਪਾਕਿਸਤਾਨ ਦੀ ਬੱਲੇ-ਬੱਲੇ ਕਰਵਾ ਦਿੰਦਾ ਹੈ। ਇਸ ਸਥਿਤੀ ਨੂੰ ਲੋਕਧਾਰਿਕ ਹਵਾਲੇ ਨਾਲ ਪੇਸ਼ ਕੀਤਾ ਹੈ:

> ''ਅਖੇ ਲੌਂਗ ਵਾਲੀ ਨੇ ਭਨਾ ਲੇ ਗੋਡੇ ਤੇ ਤੀਲੀ ਵਾਲੀ ਖਾਲ ਟੱਪ ਗਈ।''
>
> (ਪੰਨਾ-20)

ਇਉਂ ਲੇਖਕ ਸ਼ਾਇਦ ਕਹਿਣਾ ਚਾਹੁੰਦਾ ਹੈ ਕਿ ਭਾਵੇਂ ਭਾਰਤ ਸਰਕਾਰ ਆਪਣੇ ਆਰਥਿਕ ਵਿਕਾਸ ਦੀਆਂ ਕਿੰਨੀਆਂ ਵੀ ਫੜ੍ਹਾਂ ਮਾਰਦੀ ਰਹੇ ਤੇ ਪਾਕਿਸਤਾਨ ਨੂੰ ਆਪਣੇ ਮੁਕਾਬਲੇ ਕਮਜ਼ੋਰ ਤੇ ਪੱਛੜਿਆ ਕਹਿੰਦੀ ਰਹੇ ਪਰ ਪਾਕਿਸਤਾਨ ਦੇ ਮੁਕਾਬਲੇ ਭਾਰਤ ਕੋਲ ਇਹੋ ਜਿਹਾ ਅੰਤਰ-ਰਾਸ਼ਟਰੀ ਪੱਧਰ ਦਾ ਇੰਮੀਗਰੇਸ਼ਨ ਹਾਲ ਨਹੀਂ। ਇਸ ਕਰਕੇ ਲੇਖਕ ਲੋਕ ਤੁਕ ਦੇ ਹਵਾਲੇ ਨਾਲ ਭਾਰਤ ਦੀ ਹਾਲਤ ਦਾ ਮੇਲ ਉਸ ਲੌਂਗ ਵਾਲੀ ਨਾਲ ਕਰਦਾ ਹੈ ਜਿਹੜੀ ਆਪਣੀ ਫੋਕੀ ਟੌਹਰ ਤੇ ਗਰੂਰ ਕਰਕੇ ਹੀ ਆਪਣੇ ਗੋਡੇ ਭੰਨਵਾ ਲੈਂਦੀ ਹੈ ਪਰ ਤੀਲੀ ਵਾਲੀ ਸਮੇਂ ਦੀ ਨਜ਼ਾਕਤ ਨੂੰ ਪਛਾਣਦੀ ਹੋਈ ਖਾਲੇ ਤੋਂ ਪਾਰ ਲੰਘ ਜਾਂਦੀ ਹੈ।

ਇਸ ਅਧਿਆਇ ਵਿਚ ਵੀ ਲੇਖਕ ਆਪਣਾ ਵੀਜ਼ਾ ਲੱਗਿਆ ਪਾਸਪੋਰਟ ਵਾਰ-ਵਾਰ ਕੱਢ ਕੇ ਵੇਖਦਾ ਹੈ ਕਿਉਂਕਿ ਇਕ ਸਹਿਮ/ਡਰ ਦਾ ਸਾਇਆ ਉਸ ਦੇ ਅੰਦਰ ਪਸਰਿਆ ਹੋਇਆ ਹੈ ਕਿ ਕਿਤੇ ਵਾਘਾ ਬਾਰਡਰ ਤੋਂ ਹੀ ਵਾਪਸ ਨਾ ਭੇਜ ਦੇਣ। ਇਹ ਲੇਖਕ ਦੀ ਖੂਬਸੂਰਤੀ ਹੈ ਕਿ ਉਹ ਇਕ ਭਾਵਪੂਰਨ ਟਿੱਪਣੀ ਰਾਹੀਂ ਆਮ ਬੰਦੇ ਦੇ ਅੰਦਰ ਡਰ ਪੈਦਾ ਕਰਨ ਵਾਲੀਆਂ ਧਿਰਾਂ ਦੀ ਨਿਸ਼ਾਨਦੇਹੀ ਵੀ ਕਰ ਜਾਂਦਾ ਹੈ:

> ''...ਅੰਦਰ ਵਹਿਮ ਦੇ ਵਾਵਰੋਲੇ ਉੱਠ ਰਹੇ ਸਨ ਜਿਵੇ ਕਿਸੇ ਗੈਬੀ ਸ਼ਕਤੀ ਨੇ ਵੀਜ਼ੇ ਵਾਲਾ ਪੰਨਾ ਖਿਸਕਾ ਕੇ ਲੈ ਜਾਣਾ ਹੈ। ਖੈਰ ਵਹਿਮ ਐਵੇ ਨਹੀਂ ਸੀ। ਜ਼ੋਰਾਵਰ ਇਉ ਹੀ ਕੰਮਜ਼ੋਰਾਂ ਅੰਦਰ ਮਾਨਸਿਕ ਗੰਢਾਂ ਦੇ ਬੀਜ ਬੀਜਦੇ ਹਨ ਜੋ ਪੱਕ ਕੇ ਉਮਰ ਭਰ ਪੋਹਲੀ ਦੇ ਕੰਡਿਆਂ ਵਾਂਗ ਚੁੱਭਦੇ ਰਹਿੰਦੇ ਹਨ।'' (ਪੰਨਾ-16)

'ਤੇ ਹੱਥ ਹਿਲਦੇ ਰਹੇ' ਅਧਿਆਇ ਰਾਹੀਂ ਪਾਠਕ ਵਰਗ ਨੂੰ ਪਾਕਿਸਤਾਨੀ ਪੰਜਾਬ ਦੇ ਖੇਤ-ਖਲਿਆਨਾ ਬਾਰੇ ਪਤਾ ਲੱਗਦਾ ਹੈ ਜੋ ਭਾਰਤੀ ਪੰਜਾਬ ਵਰਗੇ ਹੀ ਹਨ। ਪਿੰਡਾਂ ਦੀ

ਹਾਲਤ ਅਜੇ ਖਸਤਾ ਹੀ ਹੈ ਜੋ ਹਾਲੇ ਆਧੁਨਿਕਤਾ ਦੇ ਰਾਹ ਨਹੀਂ ਪਏ। ਸਮਝੌਤਾ ਐਕਸਪ੍ਰੈਕਸ ਨੂੰ ਵੇਖ ਕੇ ਹਿਲਦੇ ਲੋਕਾਂ ਦੇ ਹੱਥ ਲੇਖਕ ਨੂੰ ਭਾਵੁਕ ਕਰ ਦਿੰਦੇ ਹਨ। ਇਸੇ ਭਾਵੁਕਤਾ ਵੱਸ ਆਇਆ ਲੇਖਕ ਉਹਨਾਂ ਦੇ ਹਿਲਦੇ ਹੱਥਾਂ ਨੂੰ 'ਮੁਹੱਬਤਸਤਾਨ ਦੇ ਕੌਮੀ ਝੰਡਿਆਂ' ਦੀ ਸੰਗਿਆ ਦਿੰਦਾ ਹੈ, ਜਿਨ੍ਹਾਂ ਵਿਚ ਵੱਖਰੀ ਹਸਤੀ ਨੂੰ ਉਭਾਰਨ ਵਾਲੀ ਨਾ ਤਾਂ ਕੋਈ ਚੱਕਰ ਤੇ ਤਿੰਨ ਸ਼ੇਰਾਂ ਵਾਲੀ ਮੂਰਤੀ ਸੀ ਤੇ ਨਾ ਹੀ ਕੋਈ ਚੰਨ ਤੇ ਤਾਰਾ, ਸਗੋਂ ਉਹਨਾਂ ਦਾ ਨਿਸ਼ਾਨ-ਚਿੰਨ੍ਹ ਤਾਂ ਅੰਬਰ ਦੀ ਵਿਸ਼ਾਲਤਾ ਸੀ ਜਿਸ ਵਿਚ ਸਾਰੇ ਚਿੰਨ੍ਹ ਸਮਾ ਜਾਂਦੇ ਹਨ। ਇਸੇ ਪ੍ਰਸੰਗ ਵਿਚ ਲੇਖਕ ਕਹਿਣਾ ਚਾਹੁੰਦਾ ਹੈ ਕਿ ਹਮਸਾਇਆਂ ਦੇ ਸਵਾਗਤ ਵਿਚ ਹਿਲਦੇ ਇਹ ਹਜ਼ਾਰਾਂ ਮੁਹੱਬਤੀ ਹੱਥ ਸਾਂਝੀਵਾਲਤਾ ਦਾ ਪੈਗ਼ਾਮ ਸਨ ਜੋ ਪਾਕਿਸਤਾਨ ਦੇ ਆਮ ਲੋਕ ਦੇ ਰਹੇ ਸਨ। ਇਨ੍ਹਾਂ ਹਮਸਾਇਆਂ ਦਾ ਅਜਿਹਾ ਮੋਹ ਵੇਖ ਕੇ ਤੇ ਪੰਜਾਬੀ ਭਾਈਚਾਰੇ ਨੂੰ ਦੋ ਹਿੱਸਿਆਂ ਵਿਚ ਵੰਡੇ ਵੇਖ ਕੇ ਲੇਖਕ ਅੰਦਰੋਂ ਦੁਖੀ ਮਹਿਸੂਸ ਕਰਦਾ ਹੋਇਆ ਇਸ ਨੂੰ ਪੰਜਾਬੀ ਕੌਮ ਦੀ ਬਦਕਿਸਮਤੀ ਕਰਾਰ ਦਿੰਦਾ ਹੈ :

> ''ਧਰਮ, ਲਿੱਪੀ, ਰਾਸ਼ਟਰੀਅਤਾ ਵਰਗੇ ਅਨੇਕਾਂ ਖਾਨਿਆਂ ਵਿਚ ਵੰਡੀ ਪੰਜਾਬੀ ਲੋਕਾਈ ਵਰਗੀ ਬਦ-ਕਿਸਮਤ ਕੌਮ ਦੁਨੀਆਂ ਵਿਚ ਕੋਈ ਸ਼ਾਇਦ ਹੀ ਹੋਵੇ। ਦਸ-ਗਿਆਰਾਂ ਕਰੋੜ ਲੋਕਾਂ ਦੀ ਸਾਂਝੀ ਸ਼ਕਤੀ ਨੂੰ ਜੇ ਇਉਂ ਖਾਨਿਆਂ ਵਿਚ ਨਾ ਵੰਡਿਆ ਹੁੰਦਾ ਤਾਂ ਇਨ੍ਹਾਂ ਦਾ ਜਲੌਅ ਵੇਖਿਆਂ ਹੀ ਬਣਨਾ ਸੀ।'' (ਪੰਨਾ-21)

ਇਉਂ ਲੇਖਕ ਪੰਜਾਬੀ ਕੌਮ ਦੀ ਬਦਕਿਸਮਤੀ ਨੂੰ ਜ਼ਾਹਿਰ ਕਰਦਾ ਹੋਇਆ ਪ੍ਰੋਖ ਰੂਪ ਵਿਚ ਅਨੇਕਾਂ ਸਵਾਲ ਖੜ੍ਹੇ ਕਰ ਜਾਂਦਾ ਹੈ। ਸ਼ਾਇਦ ਲੇਖਕ ਕਹਿਣਾ ਚਾਹੁੰਦਾ ਹੈ ਕਿ ਜੇਕਰ ਕੱਟੜ ਭਾਰਤੀ ਤੇ ਕੱਟੜ ਪਾਕਿਸਤਾਨੀ ਰਾਜਸੀ ਲੀਡਰਾਂ ਦੀਆਂ ਕੋਝੀਆਂ ਚਾਲਾਂ ਪੰਜਾਬੀ ਭਾਈਚਾਰੇ ਦੀ ਦਸ-ਗਿਆਰਾਂ ਕਰੋੜ ਦੀ ਆਬਾਦੀ ਨੂੰ ਧਰਮ, ਲਿੱਪੀ ਤੇ ਰਾਸ਼ਟਰੀਅਤਾ ਦੇ ਆਧਾਰ 'ਤੇ ਨਾ ਵੰਡਦੇ ਤਾਂ ਇਹਨਾਂ ਦੀ ਸਰਦਾਰੀ ਤੇ ਬਹਾਦਰੀ ਅੱਗੇ ਉਹਨਾਂ ਨੂੰ ਗੋਡੇ ਟੇਕਣੇ ਪੈਣੇ ਸਨ। ਇਸੇ ਕਰਕੇ ਉਹਨਾਂ ਨੇ ਆਪਣੇ ਸਿਆਸੀ ਹਿੱਤਾਂ ਤਹਿਤ ਪੰਜਾਬੀ ਭਾਈਚਾਰੇ ਨੂੰ ਬਲੀ ਦਾ ਬੱਕਰਾ ਬਣਾਇਆ।

''ਸਾਂਝਾਂ ਦੀ ਗੁਲਕੰਦ' ਨਾਂ ਦੇ ਅਧਿਆਇ ਵਿਚ ਵੀ ਲੇਖਕ ਹਾਕਮ ਜਮਾਤਾਂ ਦੇ ਆਸ਼ੇ ਨੂੰ ਪ੍ਰਤੱਖ ਰੂਪ ਵਿਚ ਬਿਆਨ ਕਰਦਾ ਹੈ। ਲਾਹੌਰ ਪਹੁੰਚਣ ਸਮੇਂ ਲੇਖਕ ਨੂੰ ਪਹਿਲਾਂ ਕੁਲੀ ਵਲੋਂ ਤੇ ਫਿਰ ਰਿਕਸ਼ੇ ਵਾਲੇ ਅਫ਼ਜ਼ਲ ਵੱਲੋਂ ਪਿਆਰ ਤੇ ਸਤਿਕਾਰ ਅਤੇ ਫਿਰ ਆਪਣੇ ਮੇਜ਼ਬਾਨਾਂ ਵੱਲੋਂ ਸੱਜਰੇ ਗੁਲਾਬ ਦੇ ਫੁੱਲਾਂ ਨਾਲ ਬਣੇ ਹਾਰਾਂ ਤੇ ਮੁਹੱਬਤੀ ਗਲਵੱਕੜੀਆਂ ਰੂਪੀ ਸਾਂਝਾ ਦੀ ਗੁਲਕੰਦ ਮਿਲਦੀ ਹੈ। ਇਸ ਗੁਲਕੰਦ ਨੂੰ ਲੇਖਕ ਆਪਣੇ ਬਚਪਨ ਵਿਚ ਘਰਦਿਆਂ ਤੋਂ ਚੋਰੀ-ਚੋਰੀ ਖਾਧੀ ਗੁਲਾਬ ਦੀਆਂ ਪੱਤੀਆਂ ਤੇ ਸ਼ਹਿਦ ਦੇ ਸੁਮੇਲ ਤੋਂ ਬਣੀ ਗੁਲਕੰਦ ਨਾਲ ਤੁਲਨਾ ਦਿੰਦਾ ਹੈ। ਹੁਣ ਜਦੋਂ ਲਾਹੌਰ ਵਿਚ ਉਹ ਸਾਂਝਾਂ ਦੀ ਗੁਲਕੰਦ ਦਾ ਸੁਆਦ ਮਾਣ ਰਿਹਾ ਹੈ ਤਾਂ ਉਹ ਅੱਜ ਵੀ ਇਸ ਗੁਲਕੰਦ ਨੂੰ ਚੋਰੀ-ਚੋਰੀ ਖਾਣਾ ਚਾਹੁੰਦਾ ਹੈ। ਸਥਿਤੀ ਦੀ ਵਿਡੰਬਣਾ ਇਹ ਹੈ ਕਿ ਅੱਜ ਡਰ ਘਰਦਿਆਂ ਦਾ ਨਹੀਂ ਸਗੋਂ ਹਾਕਮਾਂ ਦਾ

ਹੈ, ਜਿਹੜੇ ਕਦੇ ਵੀ ਨਹੀਂ ਚਾਹੁੰਦੇ ਕਿ ਆਮ ਲੋਕ ਆਪਸੀ ਪਿਆਰ ਮੁਹੱਬਤ ਨਾਲ ਰਹਿਣ। ਹੁਣ ਲੇਖਕ ਇਸਾਰੇ ਨਹੀਂ ਕਰਦਾ ਸਗੋਂ ਸਿਆਸੀ ਹਾਕਮਾਂ ਦੇ ਚਿਹਰੇ ਪਾਠਕ ਦੇ ਸਾਹਮਣੇ ਨੰਗੇ ਕਰ ਦਿੰਦਾ ਹੈ-

> ''ਕੋਈ ਗੁੱਝਾ ਜਿਹਾ ਡਰ ਤਾਂ ਹੁਣ ਵੀ ਲੱਗ ਰਿਹਾ ਸੀ ਸਾਂਝਾਂ ਦੀ ਗੁਲਕੰਦ ਦਾ ਰਸ ਮਾਣਦੀ ਖਲਕਤ ਭਲਾ ਹਾਕਮਾਂ ਤੋਂ ਕਿਥੇ ਜਰੀ ਜਾਂਦੀ ਹੈ? ਪਤਾ ਨਹੀਂ ਕਦੋਂ ਉਹ ਕਾਂ ਵਾਂਗੂੰ ਝਪੱਟ ਮਾਰ ਕੇ ਗੁਲਕੰਦ ਵਾਲੀ ਪੱਤਲ ਖੋਹ ਲੈਣ ਅਤੇ ਉੱਚੀ ਮੰਮਟੀ ਉਤੇ ਬੈਠ ਕੇ ਆਪ ਹੜੱਪਣ ਲੱਗ ਜਾਣ।'' (ਪੰਨਾ-25)

ਇਉਂ ਲੇਖਕ ਸਿਆਸੀ ਹਾਕਮਾਂ ਨੂੰ ਕਾਂ ਦੀ ਸੰਗਿਆ ਦਿੰਦਾ ਜਾਪਦਾ ਹੈ ਜਿਹੜੇ ਮਾਸੂਮਾਂ ਤੋਂ ਉਹਨਾਂ ਦਾ ਸਭ ਕੁਝ ਖੋਹ ਕੇ ਉੱਚੀ ਮੰਮਟੀ ਭਾਵ ਉੱਚੇ ਤਖ਼ਤ/ਸੱਤਾ/ਕੁਰਸੀ ਉਤੇ ਬੈਠ ਕੇ ਸਭ ਕੁਝ ਹੜੱਪ ਜਾਂਦੇ ਹਨ। ਇਥੇ ਬੈਠ ਕੇ ਉਹ ਲੋਕਾਂ ਦੇ ਹੱਥਾਂ ਤੇ ਮੱਥੇ ਦੀਆਂ ਲਕੀਰਾਂ ਆਪਣੀ ਮਰਜੀ ਦੀਆਂ ਵਾਹੁੰਦੇ ਹਨ ਤੇ ਆਮ ਜਨਤਾ ਉਹਨਾਂ ਵੱਲ ਵੇਖਦੀ ਹੀ ਰਹਿ ਜਾਂਦੀ ਹੈ।

ਰਾਜਸੀ ਹਾਕਮਾਂ ਦੇ ਕੋਝੇ ਆਸ਼ਿਆਂ ਨੂੰ 'ਸਾਡੇ ਅੰਗ ਤਰੇੜਾਂ ਪਈਆਂ' ਅਧਿਆਇ ਵਿਚ ਵੀ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਆਇ ਵਿਚ ਲੇਖਕ ਤੇ ਉਸ ਦੇ ਸਾਥੀ ਲਾਹੌਰ ਵੇਖਣ ਦੇ ਆਹਰ ਵਿਚ ਹਨ। ਵੱਖ-ਵੱਖ ਥਾਵਾਂ, ਇਮਾਰਤਾਂ ਨੂੰ ਨਿਹਾਰਦੇ ਹੋਇਆਂ ਉਹਨਾਂ ਨੂੰ ਇਕ ਪੰਜ-ਛੇ ਮੰਜ਼ਿਲੀ ਇਮਾਰਤ, ਜੋ ਛਨਣੀ ਹੋਈ ਪਈ ਸੀ, ਨਜ਼ਰ ਪੈਂਦੀ ਹੈ। ਇਕਬਾਲ ਕੈਸਰ ਦੇ ਦੱਸਣ ਮੁਤਾਬਕ ਉਸ ਵਿਚ ਬੰਬ ਬਲਾਸਟ ਹੋਇਆ ਸੀ ਜਿਸ ਵਿਚ ਚਾਲੀ ਪੰਜਾਹ ਆਮ ਬੰਦੇ ਮਾਰੇ ਗਏ ਸਨ। ਲੇਖਕ ਦੱਸਣਾ ਚਾਹੁੰਦਾ ਹੈ ਕਿ ਅਜਿਹੇ ਬੰਬ ਬਲਾਸਟ-ਕੱਟੜ ਪਾਕਿਸਤਾਨੀ ਜਾਂ ਕੱਟੜ ਹਿੰਦੋਸਤਾਨੀ, ਸੱਤਾ ਦੇ ਭੁੱਖੇ ਰਾਜਨੀਤਿਕ ਲੀਡਰਾਂ ਵੱਲੋਂ ਆਏ ਦਿਨ ਪਾਕਿਸਤਾਨ ਤੇ ਭਾਰਤ ਵਿਚ ਕਰਵਾਏ ਜਾਂਦੇ ਹਨ ਅਤੇ ਆਪਣੇ ਸਿਆਸੀ ਲਾਹੇ ਲਏ ਜਾਂਦੇ ਹਨ। ਦੋਵੇਂ ਦੇਸ਼ਾਂ ਦੀ ਆਮ ਜਨਤਾ ਤਾਂ ਚਾਹੁੰਦੀ ਹੈ ਕਿ ਉਹ ਸਾਂਝੀ ਰਹਿਤਲ 'ਤੇ ਆਪਸੀ ਪਿਆਰ-ਸਤਿਕਾਰ ਨਾਲ ਰਹਿਣ ਤੇ ਇਸ ਲਈ ਉਹ ਕੋਸ਼ਿਸ਼ਾਂ ਵੀ ਕਰਦੀ ਰਹਿੰਦੀ ਹੈ ਪਰ ਸਿਆਸੀ ਹਾਕਮਾਂ ਨੂੰ ਅਜਿਹਾ ਠੀਕ ਨਹੀਂ ਲਗਦਾ। ਇਸ ਕਰਕੇ ਉਹ ਕੋਈ ਨਾ ਕੋਈ ਬੰਬ ਧਮਾਕਾ ਕਰਵਾ ਕੇ ਦੋਹਾਂ ਦੇਸਾਂ ਦੀ ਆਮ ਜਨਤਾ ਵਿਚ ਇਕ ਦੂਜੇ ਪ੍ਰਤੀ ਨਫ਼ਰਤ ਪੈਦਾ ਕਰਦੇ ਰਹਿੰਦੇ ਹਨ। ਇਸ ਪ੍ਰਸੰਗ ਵਿਚ ਲੇਖਕ ਦੀ ਟਿੱਪਣੀ ਬੜੀ ਯੋਗ ਪ੍ਰਤੀਤ ਹੁੰਦੀ ਹੈ :

> ''... ਇਹ ਤਾਂ ਸਾਡੇ ਦੋਵੇਂ ਦੇਸਾਂ ਵਿਚ ਨਿੱਤ ਦਾ ਵਰਤਾਰਾ ਹੈ। ਜਦੋਂ ਕਦੇ ਸਾਂਝ ਦੀ ਪੂਣੀ ਕੱਤੀ ਜਾਣ ਲੱਗਦੀ ਹੈ ਤਾਂ ਅਜਿਹੇ ਬੰਬ ਧਮਾਕੇ ਵਿਚਾਲਿਉਂ ਤੰਦ ਤੋੜ ਦਿੰਦੇ ਹਨ। ਤਰੇੜੇ ਅੰਗਾਂ ਨਾਲ ਫਿਰ ਰੇਸਾ ਰੇਸਾ ਕੋਸਿਸਾਂ ਸੁਰੂ ਹੁੰਦੀਆਂ ਹਨ। ਸਰਹੱਦਾਂ ਉਤੇ ਪਿਆਰ ਦੀਆਂ ਮੋਮਬੱਤੀਆਂ ਬਾਲੀਆਂ ਜਾਂਦੀਆਂ ਹਨ... ਟੁੱਟੇ ਤਾਣੇ-ਪੇਟੇ ਨੂੰ ਗੰਢਾਂ ਮਾਰ-ਮਾਰ ਹਿਸਾਬ ਸਿਰ ਕੀਤਾ ਜਾਂਦਾ ਹੈ।

ਫਿਰ ਇਕ ਬਲਾਸਟ ਪਲੀ-ਪਲੀ ਜੋੜੇ ਰੁੱਪੇ ਨੂੰ ਰੁੜ੍ਹਾ ਜਾਂਦਾ ਹੈ। ਅਮਨ ਅਤੇ ਸਾਂਝ ਚੀਥੜੇ-ਚੀਥੜੇ ਹੋ ਕੇ ਲਹੂ-ਭਿੱਜੇ ਲਾਵਾਰਸ ਹੋਏ ਰੁਲਦੇ ਫਿਰਦੇ ਹਨ।''
(ਪੰਨਾ -69)

ਇਉਂ ਲੇਖਕ ਇਨ੍ਹਾਂ ਬੰਬ ਧਮਾਕਿਆਂ ਪਿੱਛੇ ਕਾਰਜਸ਼ੀਲ ਧਿਰਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਆਮ ਲੋਕਾਂ ਦੀ ਹੋਣੀ ਨੂੰ ਬਿਆਨ ਕਰਦਾ ਨਜ਼ਰ ਆਉਂਦਾ ਹੈ। ਇਨਾਂ ਹੀ ਨਹੀਂ ਲੇਖਕ ਪਾਠਕ ਵਰਗ ਨੂੰ ਪੈਗ਼ਾਮ ਦੇਣਾ ਚਾਹੁੰਦਾ ਹੈ ਕਿ ਜੇ ਆਮ ਜਨਤਾ ਆਪਣੇ ਅਸਲੀ ਜਲਾਲ ਵਿਚ ਆ ਜਾਵੇ ਤਾਂ ਸਥਾਪਤੀ ਦੇ ਤਖ਼ਤ ਵੀ ਪਲਟ ਦਿੰਦੀ ਹੈ।

ਪਰ ਉੱਤਰ-ਆਧੁਨਿਕ ਦੌਰ ਵਿਚ ਵਿਚਰਦੇ ਲੋਕਾਂ ਵਿਚ ਅਜਿਹੇ ਜਲਾਲ ਕਿਤੇ ਨਜ਼ਰ ਨਹੀਂ ਆਉਂਦੇ ਕਿਉਂਕਿ ਪੈਸੇ ਦੀ ਸਰਦਾਰੀ ਕਾਰਨ ਬੰਦਾ ਸੁਆਰਥੀ ਹੋ ਗਿਆ ਹੈ, ਆਪਣੇ ਆਪ ਤੱਕ ਸੀਮਿਤ ਹੋ ਗਿਆ ਹੈ। ਅਜਿਹੇ ਬੰਦਿਆਂ ਤੋਂ ਸਥਾਪਤੀ ਵਿਰੁੱਧ ਸੰਘਰਸ਼ ਦੀ ਆਸ ਰੱਖਣਾ ਵਾਜਬ ਨਹੀਂ ਜਾਪਦਾ। ਅਜਿਹੇ ਵਿਚਾਰਾਂ ਦੀ ਹੀ ਪ੍ਰੋੜਤਾ 'ਕਸੂਰ ਦੀ ਜ਼ਿਆਰਤ' ਨਾਂ ਦੇ ਅਧਿਆਇ ਵਿਚ ਕੀਤੀ ਗਈ ਹੈ। ਇਸ ਅਧਿਆਇ ਵਿਚ ਸੂਫ਼ੀ ਸ਼ਾਇਰ ਬੁੱਲ੍ਹੇ ਸ਼ਾਹ ਦੀ ਦਰਗਾਹ ਦੀ ਜ਼ਿਆਰਤ ਕਰਦੇ ਸਮੇਂ ਲੇਖਕ ਦੇ ਮਨ ਵਿਚ ਅਨੇਕਾਂ ਸਵਾਲ ਪੈਦਾ ਹੁੰਦੇ ਹਨ। ਬੁੱਲ੍ਹੇ ਸ਼ਾਹ ਮਦ-ਮਸਤ ਸ਼ਾਇਰ ਸੀ ਜੋ ਆਪਣੇ ਸਮੇਂ ਦੀਆਂ ਸਰਕਾਰਾਂ ਵਿਰੁੱਧ ਸੀ ਤੇ ਉਸ ਨੇ ਸਰਕਾਰਾਂ ਦੇ ਖਿਲਾਫ਼ ਲਿਖਿਆ ਵੀ। ਪਰ ਇਹ ਸਮੇਂ ਦਾ ਗੇੜ ਹੀ ਹੈ ਕਿ ਲੋਕ ਪਾਕਿਸਤਾਨੀ ਹਾਕਮਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਹਨ, ਤਸੀਹੇ ਸਹਿ ਰਹੇ ਹਨ, ਭੁੱਖਮਰੀ ਦੇ ਸ਼ਿਕਾਰ ਹੋ ਰਹੇ ਹਨ ਪਰ ਬੁਲ੍ਹੇ ਸ਼ਾਹ ਜਿਹੇ ਬਾਗ਼ੀ ਸੂਫ਼ੀ ਸ਼ਾਇਰਾਂ ਤੋਂ ਸਬਕ ਲੈ ਕੇ ਸਥਾਪਤੀ ਦੇ ਵਿਰੁੱਧ ਸੰਘਰਸ਼ ਨਹੀਂ ਕਰਦੇ, ਸਗੋਂ ਆਪਣੀਆਂ ਨਿਗੂਣੀਆਂ ਇਛਾਵਾਂ ਦੀ ਪੂਰਤੀ ਲਈ ਉਸ ਦੀ ਦਰਗਾਹ 'ਤੇ ਆਉਂਦੇ ਹਨ। ਦਰਗਾਹ ਦੀ ਦਹਿਲੀਜ਼ ਤੋਂ ਬਾਹਰ ਬੈਠਾ, ਬੁਲ੍ਹੇ ਸ਼ਾਹ ਦਾ ਕਲਾਮ ਗਾ ਰਿਹਾ ਗਾਇਕ ਵੀ ਲੇਖਕ ਨੂੰ ਕੋਈ ਸੂਫ਼ੀ ਰੰਗ ਵਿਚ ਰੰਗਿਆ ਨਹੀਂ ਸਗੋਂ ਆਪਣੇ ਢਿੱਡ ਦੀ ਪੂਰਤੀ ਲਈ ਤਰਲੇ ਲੈ ਰਿਹਾ ਗਰੀਬ ਹੀ ਜਾਪਦਾ ਹੈ। ਅਜਿਹੇ ਸਵਾਲਾਂ ਦੇ ਸਨਮੁੱਖ ਲੇਖਕ ਦੀ ਟਿੱਪਣੀ ਬੜੀ ਸਾਰਥਕ ਨਜ਼ਰ ਆਉਂਦੀ ਹੈ :

> ''... ਵਕਤ ਦਾ ਕੈਸਾ ਸਿਤਮ ਸੀ ਕਿ ਬਾਗ਼ੀ ਅਤੇ ਬੇਬਾਕ ਬੁਲ੍ਹੇ ਸ਼ਾਹ ਦੀ ਦਰਗਾਹ ਵਿਚ ਹੁਣ ਕੋਈ ਸੱਤਾ ਵਿਰੁੱਧ ਸੰਘਰਸ਼ ਲਈ ਪ੍ਰੇਰਣਾ ਲੈਣ ਨਹੀਂ ਸੀ ਆਉਂਦਾ ਸਗੋਂ ਲੋਕ ਨਿਗੂਣੀਆਂ ਦੁਨਿਆਵੀ ਮੁਰਾਦਾਂ ਦੀ ਪੂਰਤੀ ਲਈ ਆਉਂਦੇ ਸਨ।'' (ਪੰਨਾ-53)

ਹਥਲੀ ਰਚਨਾ ਦੇ ਅਧਿਆਇ 'ਤੂੰ ਲੀਕੇਂ ਕਿਹੜੇ ਪਾਸੇ ਦਾ' ਦਾ ਸਿਰਲੇਖ ਬੜਾ ਸੰਕੇਤਮਈ ਤੇ ਗੁੰਝਲਦਾਰ ਹੈ। ਪਹਿਲੀ ਨਜ਼ਰੇਂ ਵੇਖਿਆਂ ਪਾਠਕ ਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਲੇਖਕ ਭਾਰਤ ਤੇ ਪਾਕਿਸਤਾਨ ਵਿਚਲੀ ਕੰਡਿਆਲੀ ਤਾਰ ਵਾਲੀ ਸਰਹੱਦ ਰੂਪੀ ਲੀਕ ਦੀ ਗੱਲ ਕਰਦਾ ਹੈ ਜਿਹੜੀ ਦੋਨਾਂ ਮੁਲਕਾਂ ਨੂੰ ਭੂਗੋਲਿਕ ਤੌਰ 'ਤੇ ਨਿਖੇੜਦੀ ਹੈ ਪਰ ਇਹ

ਇਕ ਭਰਮ ਹੀ ਸਾਬਤ ਹੁੰਦਾ ਹੈ। ਲੇਖਕ ਤਾਂ ਇਸ ਤੋਂ ਬਹੁਤ ਅਗਾਂਹ ਦੀ ਗੱਲ ਕਰਦਾ ਹੈ। ਲੇਖਕ ਅੰਦਰਲੀ ਮਾਨਵਵਾਦੀ ਵਿਸਾਲਤਾ ਇੰਨੀ ਵਸੀਹ ਹੈ ਕਿ ਦੇਸਾਂ ਦੀਆਂ ਹੱਦਾਂ-ਸਰਹੱਦਾਂ ਉਸ ਅੱਗੇ ਕੋਈ ਮਾਅਨੇ ਨਹੀਂ ਰੱਖਦੀਆਂ ਸਗੋਂ ਮਨੁੱਖਤਾ ਦੇ ਜਿਹਨੀ ਧਰਾਤਲ ਦੀਆਂ ਲੀਕਾਂ ਹੀ ਨਜ਼ਰ ਆਉਂਦੀਆਂ ਹਨ। ਹੱਥਲੀ ਰਚਨਾ ਵਿਚ ਜਦੋਂ ਲੇਖਕ ਤੇ ਉਨ੍ਹਾਂ ਦੇ ਸਾਥੀ ਪਿਲਾਕ ਦੇ ਐਫ.ਐਮ. ਰੇਡੀਓ ਦੇ ਸਟੂਡੀਓ ਵਿਚੋਂ ਰਿਕਾਰਡਿੰਗ ਤੋਂ ਬਾਅਦ ਬਾਹਰ ਆਉਂਦੇ ਹਨ ਤਾਂ ਇਕ ਹਿਜਾਬ ਪਹਿਨੀ ਬੜੀ ਖੂਬਸੂਰਤ ਪਾਕਿਸਤਾਨੀ ਕੁੜੀ ਉਹਨਾਂ ਨਾਲ ਗੱਲਾਂ ਕਰਦੀ ਹੌਲੀ-ਹੌਲੀ ਖੁਲ੍ਹਦੀ ਹੈ ਤਾਂ ਲੇਖਕ ਪਹਿਲੀ ਨਜ਼ਰੇ ਉਸ ਨੂੰ ਲੀਕੋਂ ਪਾਰ ਭਾਵ ਮੱਧਯੁੱਗੀ, ਆਧੁਨਿਕ ਸਮਾਜ ਦੀਆਂ ਬਰਕਤਾਂ ਤੋਂ ਮਹਿਰੂਮ, ਪਰਦੇ 'ਚ ਕੱਜੀ, ਸਭ ਕੁਝ ਬਰਦਾਸ਼ਤ ਕਰਨ ਵਾਲੀ ਸਮਝਦਾ ਹੈ। ਪਰ ਜਦੋਂ ਉਹ ਆਪਣੇ ਬਾਰੇ ਬੇਬਾਕੀ ਨਾਲ ਜਾਣਕਾਰੀ ਦਿੰਦੀ ਹੈ ਤਾਂ ਲੇਖਕ ਦੀ ਉਸ ਬਾਰੇ ਬਣੀ ਭ੍ਰਾਂਤੀ ਟੁੱਟਦੀ ਹੈ। ਉਹ ਆਖਦਾ ਹੈ:

> ''... ਜਦੋਂ ਉਸ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਅੰਗਰੇਜ਼ੀ ਦੀ ਐਮ. ਏ. ਅਤੇ ਪਿਲਾਕ ਵਿਚ ਭਾਸ਼ਾ ਅਫ਼ਸਰ ਹੈ ਤਾਂ ਮੈਨੂੰ ਜਾਪਿਆ ਅਸੀਂ ਐਵੇਂ ਹੀ ਉਸ ਨੂੰ ਲੀਕੋਂ ਦੂਜੇ ਪਾਸੇ ਦੀ ਮੱਧਯੁਗੀ ਔਰਤ ਸਮਝ ਬੈਠੇ ਸਾਂ। ਉਹ ਤਾਂ ਨਵੇਂ ਯੁੱਗ ਦੇ ਹਾਣ ਦੀ ਮੁਟਿਆਰ ਸੀ। ਵਾਕਫੀ ਸੱਚ-ਮੁੱਚ ਲੀਕਾਂ ਟੱਪਣ ਲਈ ਕਿੰਨੀ ਸਹਾਈ ਹੁੰਦੀ ਹੈ।'' (ਪੰਨਾ-46)

ਇਥੇ ਲੇਖਕ ਆਧੁਨਿਕਤਾ ਅਤੇ ਪਰੰਪਰਾ ਦੇ ਵਿਚਕਾਰਲੀ ਸਥਿਤੀ ਨੂੰ ਸ਼ਾਇਦ ਲੀਕ ਕਹਿੰਦਾ ਹੈ ਜਿਸ ਨੂੰ ਪਾਕਿਸਤਾਨ ਦੀਆਂ ਸਾਹਸੀ ਔਰਤਾਂ ਨੇ ਸਰਕਾਰਾਂ ਦੀਆਂ ਮਾਰੂ ਨੀਤੀਆਂ ਦੇ ਬਾਵਜੂਦ ਉਲੰਘਿਆ ਹੈ।

ਸਟੂਡੀਓ ਦੇ ਉਪਰ ਹੀ ਖੁੱਲ੍ਹੇ-ਡੁੱਲ੍ਹੇ ਹਾਲ ਵਿਚ ਸਾਈਂ ਮੁਹੰਮਦ ਅਲੀ ਨੇ ਗਾਉਣ ਦਾ ਬਿਸਮਿਲਾ ਕੀਤਾ। ਗਾਇਕੀ ਵੱਲੋਂ, ਸ਼ਕਲ ਤੇ ਪਹਿਰਾਵੇ ਵੱਲੋਂ ਲੋਕ ਗਾਇਕ ਜਾਪਦਾ ਉਹ ਸਾਈਂ ਲੇਖਕ ਨੂੰ ਲਾਹੌਰ ਦੀ ਮੱਧਵਰਗੀ ਸ੍ਰੇਣੀ ਦੀ ਇਲੀਟ ਲੀਕ ਤੋਂ ਬਿਲਕੁਲ ਦੂਜੇ ਪਾਸੇ ਖੜ੍ਹਾ ਮਹਿਸੂਸ ਹੁੰਦਾ ਹੈ। ਬੁਲ੍ਹੇ ਸ਼ਾਹ ਦੀ ਕਾਫ਼ੀ ''ਕੀ ਜਾਣਾ ਮੈਂ ਕੌਣ'' ਗਾਉਂਦੇ ਉਹ ਵਜਦ ਵਿਚ ਆ ਕੇ ਨੱਚਦਾ ਹੋਇਆ ਕਾਫ਼ੀ ਤੋਂ ਬਾਹਰ ਨਿਕਲ ਜਾਂਦਾ ਤੇ ਗਾਉਂਦਾ-

> ''ਇਸ਼ਕ ਆਖਦਾ ਝੁੱਗੇ ਨੂੰ ਕੀ ਕਰਨਾ,
> ਏਹਨੂੰ ਬਾਲ ਕੇ ਸੇਕਣਾ ਚਾਹੀਦਾ ਏ।'' (ਪੰਨਾ-47)

ਅਜਿਹਾ ਕਰਨ 'ਤੇ ਪ੍ਰਬੰਧਕ ਉਸ ਨੂੰ ਐਸਾ ਰਲਾਅ ਕਰਨ ਤੋਂ ਵਰਜ ਦਿੰਦੇ ਕਿਉਂਕਿ ਲੋਕ ਗਾਇਕੀ ਵੀ ਹੁਣ ਸਰਕਾਰ ਦੇ ਅਧੀਨ ਸੀ ਇਸ ਲਈ ਸਾਈਂ ਉਸ ਪਾਸੋਂ ਮੁੜ ਆਉਂਦਾ। ਅਜਿਹਾ ਵੇਖ ਕੇ ਲੇਖਕ ਬੜੀ ਖੂਬਸੂਰਤ ਟਿੱਪਣੀ ਕਰਦਾ ਹੋਇਆ ਸਾਈਂ ਨੂੰ ਆਪਣਾ ਹੀ ਕੋਈ ਸਾਥੀ ਮਹਿਸੂਸ ਕਰਦਾ ਹੈ :

> ''ਮਿਕਸਿੰਗ ਦੇ ਇਸ ਯੁਗ ਵਿਚ ਮੰਡੀ ਦੀਆਂ ਕਦਰਾਂ ਕੀਮਤਾਂ ਵੱਲ ਪਿੱਠ ਕਰਕੇ ਲੀਕ ਦੇ ਦੂਜੇ ਪਾਸੇ ਖੜ੍ਹੇ ਰਹਿਣਾ ਹੈ ਤਾਂ ਬਹੁਤ ਔਖਾ, ਆਪਣੇ ਝੁੱਗੇ ਨੂੰ

ਬਾਲ ਕੇ ਸੇਕਣ ਵਾਲੀ ਗੱਲ ਹੀ ਸੀ, ਪਰ ਇਸਕ ਵਿਚ ਵਿਰਲੇ ਲੋਕ ਇਹ ਵੀ ਕਰ ਵੇਖਦੇ ਹਨ... ਇਹ ਵੇਖ ਕੇ ਮਨ ਨੂੰ ਤਸੱਲੀ ਹੋਈ ਕਿ ਚਲੋ ਵਿਰਲੇ ਹੀ ਸਹੀ ਪਰ ਕੁਝ ਤਾਂ ਸਨ ਜਿਹੜੇ ਲੀਕੋਂ ਸਾਡੇ ਵਾਲੇ ਪਾਸੇ ਅਜੇ ਵੀ ਸਾਬਤ ਕਦਮੀ ਖੜ੍ਹੇ ਸਨ।'' (ਪੰਨਾ -47)

ਇਉਂ ਲੇਖਕ ਉੱਤਰ-ਆਧੁਨਿਕ ਦੌਰ, ਜਿੱਥੇ ਪੈਸਾ-ਮੁਖੀ ਕੀਮਤਾਂ ਦੇ ਅੰਤਰਗਤ ਬੰਦਾ ਸਭ ਮਰਯਾਦਾਵਾਂ, ਪਰੰਪਰਾਵਾਂ ਨੂੰ ਤਿਲਾਂਜਲੀ ਦੇ ਕੇ ਅਖੌਤੀ ਜੀਵਨ ਸੈਲੀਆਂ ਨੂੰ ਆਤਮਸਾਤ ਕਰ ਰਿਹਾ ਹੈ, ਨੂੰ ਵਿਅੰਗ ਹੇਠ ਰਖਦਾ ਹੈ, ਪਰ ਸਾਈਂ ਵਰਗੇ ਬੰਦੇ ਅੱਜ ਵੀ ਅਜਿਹੇ ਸੰਸਾਰ ਨੂੰ ਚੁਣੌਤੀਆਂ ਦਿੰਦੇ ਹੋਏ ਆਪਣੇ ਮਿਸਨ 'ਤੇ ਸਾਬਤ ਕਦਮੀ ਤੁਰਦੇ ਨਜਰ ਆਉਂਦੇ ਹਨ।

ਹਥਲੀ ਰਚਨਾ ਦੇ ਅਧਿਆਇਆਂ 'ਬਾਜ਼ਾਰ-ਏ-ਹੁਸਨ' ਅਤੇ 'ਕ੍ਰੇਜੀ ਕੀਆ ਰੇ' ਵਿਚ ਪਾਕਿਸਤਾਨ ਦੇ ਲੋਕਾਂ ਦੇ ਮਨੋਰੰਜਨ ਅਤੇ ਸੋਹਜ-ਸਵਾਦਾਂ ਦਾ ਜ਼ਿਕਰ ਕੀਤਾ ਗਿਆ ਹੈ। 'ਬਾਜ਼ਾਰ-ਏ-ਹੁਸਨ' ਵਿਚ ਲੇਖਕ 'ਹੀਰਾ ਮੰਡੀ ਲਾਹੌਰ' ਬਾਰੇ ਆਪਣੇ ਅਨੁਭਵ ਪਾਠਕਾਂ ਨਾਲ ਸਾਂਝੇ ਕਰਦਾ ਹੈ। **ਮੋਤੀਆਂ ਦੀ ਚੋਗ** ਸਫ਼ਰਨਾਮੇ ਵਿਚ ਲੇਖਕ 'ਲਾਲ ਬੱਤੀ' ਏਰੀਏ ਬਾਰੇ ਵਿਚਾਰ ਕਰਦਿਆਂ ਆਖਦਾ ਹੈ ਕਿ ਪੱਛਮ ਵਿਚ ਸੈਕਸ ਨੂੰ ਵਪਾਰ ਵਾਂਗ ਚਲਾਇਆ ਜਾਂਦਾ ਹੈ। ਉਥੇ ਸੈਕਸ ਦਾ ਕਾਰੋਬਾਰ ਵੀ ਇਸ ਤਰ੍ਹਾਂ ਚਲਦਾ ਹੈ ਜਿਵੇਂ ਦਫ਼ਤਰੀ ਕਾਰੋਬਾਰ ਹੋਵੇ। ਪਰ ਹੀਰਾ ਮੰਡੀ ਲਾਹੌਰ ਵਿਚ ਲੇਖਕ ਉਸ ਬੇਬਾਕੀ ਨਾਲ ਨਹੀਂ ਵਿਚਰਦਾ ਜਿਵੇਂ ਪੱਛਮੀ ਮੁਲਕਾਂ ਦੇ ਲਾਲ ਬੱਤੀ ਏਰੀਏ ਵਿਚ ਵਿਚਰਦਾ ਹੈ। ਇਸ ਲਈ ਹੀਰਾ ਮੰਡੀ ਲਾਹੌਰ ਦਾ ਚਿੱਤਰ ਬਿਲਕੁਲ ਪੱਛਮ ਦੇ ਉਲਟ ਉਭਰਦਾ ਹੈ। ਲੇਖਕ ਹੀਰਾ ਮੰਡੀ ਲਾਹੌਰ ਦਾ ਤਸੱਵਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਨਵੇਂ ਲੋਕ' ਤੇ ਹਿੰਦੀ ਫਿਲਮ 'ਮੁਗਲੇ-ਆਜ਼ਮ' ਦੇ ਹਵਾਲੇ ਨਾਲ ਕਰਦਾ ਹੈ, ਜਿੱਥੇ ਹੁਸਨ ਦੀ ਮਹਿਕ ਆਉਂਦੀ ਹੋਵੇਗੀ, ਕਲਾਸਕੀ ਕਲਾਕਾਰਾਂ ਦੀ ਮਹਿਫ਼ਲ ਵਿਚ ਮੁਜ਼ਰਾ ਕੀਤਾ ਜਾਂਦਾ ਹੋਵੇਗਾ ਪਰ ਸਥਿਤੀ ਇਸ ਦੇ ਬਿਲਕੁਲ ਉਲਟ ਹੈ। ਇਥੇ ਦੱਲਿਆਂ ਦੀ ਮੌਜੂਦਗੀ ਵਿਚ ਸਿਰਫ਼ ਜਿਸਮਾਂ ਦਾ ਜਸ਼ਨ ਮਨਾਇਆ ਜਾਂਦਾ ਹੈ। ਜਿੰਨੀ ਸ਼ਿੱਦਤ ਨਾਲ ਲੇਖਕ ਹੀਰਾ ਮੰਡੀ ਦੇ ਰਹੱਸਾਂ ਨੂੰ ਜਾਨਣਾ ਚਾਹੁੰਦਾ ਸੀ ਸ਼ਾਇਦ ਆਪਣੀ ਸਿੱਖੀ ਪਹਿਚਾਣ ਤੇ ਪੈਦਾ ਹੋਏ ਡਰ/ਸਹਿਮ ਕਰਕੇ ਉਨਾਂ ਨਹੀਂ ਜਾਣ ਸਕਿਆ। ਪੁਰਾਣੇ ਸਮਿਆਂ ਦੀ ਹੀਰਾ ਮੰਡੀ ਬਾਰੇ ਤੱਸਵਰ ਕਰਦਾ ਹੋਇਆ ਲੇਖਕ ਆਖਦਾ ਹੈ :

''ਕੋਈ ਵਕਤ ਹੋਵੇਗਾ ਜਦੋਂ ਇੱਥੇ ਕਲਾਸਕੀ ਕਲਾਕਾਰ ਹੁੰਦੇ ਹੋਣਗੇ, ਟਿਕੀ ਰਾਤ ਦੀ ਖਾਮੋਸ਼ੀ ਨੂੰ ਸਾਰੰਗੀ ਨਾਲ ਲਏ ਅਲਾਪ, ਬੋਲ ਬਖਸ਼ਦੇ ਹੋਣਗੇ, ਰਾਈਸਜ਼ਾਦੀਆਂ ਇੱਥੇ ਤਹਿਜ਼ੀਬ ਦੇ ਗੁਰ ਸਿੱਖਣ ਆਉਂਦੀਆਂ ਹੋਣਗੀਆਂ। ਮੰਡੀ ਦੀ ਉਹ ਸ਼ਾਹੀ ਰਵਾਇਤ ਹੁਣ ਪੈਸੇ ਦੀ ਮੰਡੀ ਵਿਚ ਗੁੰਮ-ਗੁਆਚ ਗਈ ਸੀ। ਹੁਸਨ ਦਾ ਬਾਜ਼ਾਰ ਹੁਣ ਮਹਿਕ ਦੀ ਥਾਂ ਬਦਬੂ ਵਰਗਾ ਅਹਿਸਾਸ ਦੇ ਰਿਹਾ ਸੀ। ਧੰਦੇ ਨੇ ਹੁਨਰ ਦੀ ਗਿੱਚੀ ਦੱਬ ਲਈ ਸੀ।'' (ਪੰਨਾ-97)

ਇਉਂ ਲੇਖਕ ਕਹਿਣਾ ਚਾਹੁੰਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਜਦੋਂ ਪੈਸਾ ਬੰਦੇ ਦੀ ਸਭ ਤੋਂ ਵੱਡੀ ਚਾਹਤ ਬਣ ਕੇ ਉਭਰਿਆ ਹੈ ਤਾਂ ਬੰਦੇ ਨਾਲ ਜੁੜੀ ਹਰ ਸ਼ੈਅ, ਇਥੋਂ ਤੱਕ ਕਿ ਜਿਸਮ ਵੀ, ਮੰਡੀ ਦੀ ਵਸਤੂ ਬਣ ਗਏ ਅਤੇ ਕਲਾਮਈ ਹੁਨਰ ਵੀ ਧੰਦੇ ਵਿਚ ਤਬਦੀਲ ਹੋ ਗਏ। ਜਦੋਂ ਜ਼ਿੰਦਗੀ ਨੂੰ ਹੁਲਾਸ ਦੇਣ ਵਾਲੀਆਂ ਕਲਾ-ਕਿਰਤਾਂ ਧੰਦੇ ਨਾਲ ਜੁੜ ਗਈਆਂ ਤਾਂ ਜ਼ਿੰਦਗੀ ਦੇ ਸੋਹਜ-ਸਵਾਦ ਦੇ ਪੈਮਾਨੇ ਵੀ ਬਦਲ ਗਏ। ਅਜਿਹੀਆਂ ਸਥਿਤੀਆਂ ਦੇ ਮੂੰਹ-ਜ਼ੋਰ ਵਹਾਅ ਵਿਚ ਜੀਵਨ ਦੀਆਂ ਨਰੋਈਆਂ ਕਦਰਾਂ ਕੀਮਤਾਂ ਦਮ ਤੋੜਦੀਆਂ ਨਜ਼ਰ ਆ ਰਹੀਆਂ ਹਨ।

'ਕ੍ਰੇਜ਼ੀ ਕੀਆ ਰੇ' ਅਧਿਆਇ ਵਿਚ ਲੇਖਕ ਪਾਕਿਸਤਾਨ ਦੇ ਪਰੰਪਰਕ, ਆਧੁਨਿਕ ਅਤੇ ਉੱਤਰ-ਆਧੁਨਿਕ ਸੋਚਾਂ ਨੂੰ 'ਕਮੇਡੀ ਸ਼ੋਆਂ' ਦੇ ਮਾਧਿਅਮ ਰਾਹੀਂ ਸਮਝਣ-ਸਮਝਾਉਣ ਦਾ ਯਤਨ ਕਰਦਾ ਹੈ। ਇਹਨਾਂ ਸ਼ੋਆਂ ਦੇ ਵਿਸ਼ਿਆਂ, ਹਲਕੀ ਫੁਲਕੀ ਨੋਕ-ਝੋਕ, ਨਰਤਕੀਆਂ ਰਾਹੀਂ ਕੀਤੀਆਂ ਕਾਮੁਕ ਅਦਾਵਾਂ ਤੇ ਦੂਹਰੇ ਅਰਥਾਂ ਵਾਲੇ ਸ਼ਬਦਾਂ ਰਾਹੀਂ ਪਾਕਿਸਤਾਨ ਦੇ ਆਮ ਲੋਕਾਂ ਦੇ ਮਨੋਰੰਜਨ ਅਤੇ ਸੋਹਜ ਸਵਾਦਾਂ ਦਾ ਅੰਦਾਜ਼ਾ ਪਾਠਕ ਨੂੰ ਲੱਗ ਜਾਂਦਾ ਹੈ। ਲੇਖਕ ਅਸਲੀ 'ਹੀਰਾ ਮੰਡੀ' ਨੂੰ ਇਨ੍ਹਾਂ ਸ਼ੋਆਂ ਦੇ ਮਾਧਿਅਮ ਰਾਹੀਂ ਥੀਏਟਰ ਵਿਚ ਆ ਗਈ ਮਹਿਸੂਸ ਕਰਦਾ ਹੈ। ਪਰ ਮੈਨੂੰ ਲੱਗਦਾ ਹੈ ਧਾਲੀਵਾਲ ਦਾ ਚੰਚਲ ਮਨ ਆਪਣੇ ਸਫਰਨਾਮੇ **ਮੋਤੀਆਂ ਦੀ ਚੋਗ ਤੇ ਥੇਮਜ਼ ਨਾਲ ਵਗਦਿਆਂ** ਵਿਚ ਜਿਵੇਂ ਨੰਗਾ-ਚਿੱਟਾ ਅਮਰੀਕਾ ਤੇ ਇੰਗਲੈਂਡ ਵੇਖਣ ਦਾ ਸਾਹਸ ਕਰਦਾ ਹੈ ਉਵੇਂ ਹੀ ਨੰਗਾ-ਚਿੱਟਾ ਪਾਕਿਸਤਾਨ ਵੇਖਣਾ ਚਾਹੁੰਦਾ ਹੋਵੇਗਾ, ਪਰ ਲੇਖਕ ਆਪਣੇ ਗੁਆਂਢੀ ਮੁਲਕ ਵਿਚ ਬਣੀ ਆਪਣੀ ਪੱਗ ਵਾਲੇ ਸਰਦਾਰ ਦੀ ਭੱਲ ਨੂੰ ਆਂਚ ਆਉਣ ਦੇ ਡਰੋਂ ਸ਼ਾਇਦ ਅਜਿਹਾ ਨਹੀਂ ਕਰ ਸਕਿਆ। ਸ਼ਾਇਦ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਨੰਗੇ ਚਿੱਟੇ ਨਜ਼ਾਰਿਆਂ ਨੂੰ ਬੇਬਾਕੀ ਨਾਲ ਵੇਖਣਾ ਤੇ ਲਿਖਣਾ ਕੋਈ ਸਾਹਿਜ ਕਾਰਜ ਨਹੀਂ।

ਹਥਲੀ ਰਚਨਾ ਦੇ ਅਧਿਆਇਆਂ 'ਤੇਰਾ ਨਨਕਾਣਾ' ਤੇ 'ਸੱਚਾ ਸੌਦਾ' ਵਿਚ ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਅਤੇ ਗੁਰਦੁਆਰਿਆਂ ਬਾਰੇ ਬਹੁਪੱਖੀ ਜਾਣਕਾਰੀ ਦਿੱਤੀ ਗਈ ਹੈ। ਸਿੱਖ ਇਤਿਹਾਸ ਨਾਲ ਜੁੜੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਅਤੇ ਸਥਾਨਾਂ ਨਾਲ ਜੁੜੀਆਂ ਕਥਾਵਾਂ ਦਾ ਸੰਖੇਪ ਹਵਾਲਾ ਦਿੱਤਾ ਗਿਆ ਹੈ। 'ਤਸਵੀਰ-ਏ-ਪਾਕਿਸਤਾਨ' ਵਿਚ ਪਾਕਿਸਤਾਨੀ ਨੌਜੁਆਨ ਵਰਗ ਵੱਲੋਂ ਬਣਾਏ ਚਿੱਤਰਾਂ ਰਾਹੀਂ ਪਾਕਿਸਤਾਨ ਦੀ ਮੌਜੂਦਾ ਅਤੇ ਭਵਿੱਖੀ ਤਸਵੀਰ ਨੂੰ ਚਿਤਰਿਆ ਗਿਆ ਹੈ। 'ਸ਼ਾਹੀ ਇਤਿਹਾਸ ਦਾ ਚਸ਼ਮਦੀਦ ਗਵਾਹ' ਵਿਚ ਕਿਲੇ ਦੇ ਇਤਿਹਾਸਕ ਸੰਦਰਭ ਨੂੰ ਘੋਖਿਆ ਗਿਆ ਹੈ। ਇਸ ਵਿਚ ਮੁਗਲਾਂ ਤੋਂ ਲੈ ਕੇ ਸਿੱਖ ਇਤਿਹਾਸ ਅਤੇ ਅੰਗਰੇਜ਼ਾਂ ਤੱਕ ਦੇ ਕਿਲੇ ਨਾਲ ਜੁੜੇ ਹੋਏ ਵੇਰਵੇ ਪੇਸ਼ ਕੀਤੇ ਗਏ ਹਨ। 'ਖੋਜਗੜ੍ਹ : ਇਕ ਹੁਸੀਨ ਸੁਪਨਾ' ਵਿਚ ਪਾਕਿਸਤਾਨੀ ਅਦੀਬ ਇਕਬਾਲ ਕੈਸਰ ਵੱਲੋਂ ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਅਤੇ ਖੋਜ ਕਾਰਜ ਲਈ ਸਥਾਪਤ ਕੀਤੀ 'ਪੰਜਾਬੀ ਖੋਜਗੜ੍ਹ' ਨਾਂ ਦੀ ਸੰਸਥਾ ਬਾਰੇ ਬਹੁ-ਪਰਿਪੇਖੀ ਜਾਣਕਾਰੀ ਦਿੱਤੀ ਗਈ ਹੈ।

ਹਥਲੀ ਰਚਨਾ ਦੇ ਪਿਛਲੇ ਦੋ ਕਾਂਡਾਂ ' ਇਕ ਗੁਜਰੀ ਰਬੜ ਦਾ ਬਾਵਾ' ਅਤੇ 'ਇਜਰਾਇਲ ਫਰਿਸਤਾ' ਵਿਚ ਲੇਖਕ ਵਾਪਸ ਵਤਨ ਪਰਤਨ ਸਮੇਂ ਹੋਈ ਬੇਚੈਨੀ ਦਾ ਜ਼ਿਕਰ ਕਰਦਾ ਹੈ। ਉਂਜ ਤਾਂ ਪੂਰੇ ਸਫ਼ਰ ਦੌਰਾਨ ਕੋਈ ਨਾ ਕੋਈ ਵਿਘਨ ਪੈ ਜਾਣ ਦੇ ਡਰ ਨਾਲ ਲੇਖਕ ਤੇ ਉਸ ਦੇ ਸਾਥੀਆਂ ਅੰਦਰ ਸਹਿਮ ਦਾ ਸਾਇਆ ਪੱਸਰਿਆ ਰਹਿੰਦਾ ਹੈ। ਉਹਨਾਂ ਨੂੰ ਆਪਣੇ ਵਤਨ ਭਾਰਤ ਵਿਚ ਕਦਮ ਰੱਖਕੇ ਮੁੜ ਜਿਉਂਦੇ ਹੋਣ ਦਾ ਅਹਿਸਾਸ ਹੁੰਦਾ ਹੈ।

ਰੌਚਕਤਾ ਇਸ ਸਫ਼ਰਨਾਮੇ ਦੇ ਆਰ-ਪਾਰ ਫੈਲੀ ਹੋਈ ਹੈ। ਪਾਠਕ ਨੂੰ ਰਚਨਾ ਨਾਲ ਜੋੜਨ ਲਈ ਲੇਖਕ ਲੋਕਧਾਰਿਕ ਸਮੱਗਰੀ ਜਿਵੇਂ ਬੋਲੀਆਂ-ਟੱਪਿਆਂ ਦੀਆਂ ਸਤਰਾਂ, ਅਖੌਤਾਂ-ਮੁਹਾਵਰੇ ਜਿਵੇਂ ਪਾਓ ਬੋਲੀਆਂ ਕਰੋ ਚਿਤ ਰਾਜੀ, ਸੜਦਿਆਂ ਨੂੰ ਸੜ ਲੈਣ ਦਿਉ..., ਲੌਂਗ ਵਾਲੀ ਨੇ ਭਨਾ ਤੇ ਗੋਡੇ ਤੇ ਤੀਲੀ ਵਾਲੀ ਖਾਲ ਟੱਪ ਗਈ..., ਮੇਲਾ ਵੇਖਦੀਏ ਮੁਟਿਆਰੇ ਮੇਲਾ ਤੈਨੂੰ ਵੇਖਦਾ..., ਕੁੱਤਾ ਕਪਾਹ ਚੋਂ ਲੰਘਜੂ ਤਾਂ ਕਿਹੜਾ ਰਜਾਈਆਂ ਭਰ ਲੂ..., ਅੰਨ੍ਹੀ ਮਹਿੰ ਨੂੰ ਖਿੱਪ ਧਾਮਣ, ਹਰਨਾ ਦੇ ਸਿੰਗੀ ਚੜ੍ਹਨਾ ਆਦਿ ਦੀ ਵਰਤੋਂ ਕਰਦਾ ਹੈ। ਪੇਂਡੂ ਮਲਵਈ ਭਾਸ਼ਾ ਵਿਚ ਲੇਖਕ ਦੇ ਆਪਣੇ ਜੀਵਨ-ਵੇਰਵਿਆਂ ਨਾਲ ਸਫ਼ਰਨਾਮੇ ਵਿਚ ਰੌਚਕਤਾ ਪੈਦਾ ਕੀਤੀ ਗਈ ਹੈ। ਹਰ ਕਾਂਡ ਦਾ ਸਿਰਲੇਖ ਸੰਕਤੇਮਈ ਤੇ ਰੌਚਕਤਾ ਭਰਪੂਰ ਹੈ ਜੋ ਪਾਠਕ ਨੂੰ ਰਚਨਾ ਪੜ੍ਹਨ ਲਈ ਉਕਸਾਉਂਦਾ ਹੈ, ਜਿਵੇਂ ਦਰਸ਼ਨ ਹੋ ਗਏ ਮਹਿੰਗੇ, ਤੀਲੀ ਵਾਲੀ ਖਾਲ ਟੱਪ ਗਈ, ਸਾਂਝਾ ਦੀ ਗੁਲਕੰਦ, ਇਸ਼ਕ ਦੇ ਮਖਾਣੇ, ਬਾਜ਼ਾਰ-ਏ-ਹੁਸਨ ਆਦਿ। ਲੇਖਕ ਨੇ ਰੌਚਕਤਾ ਪੈਦਾ ਕਰਨ ਲਈ ਪਾਤਰ ਦੇ ਧਰਮ, ਜਾਤੀ ਅਤੇ ਕਿੱਤੇ ਅਨੁਸਾਰ ਉਸ ਤੋਂ ਉਸ ਦੇ ਪੱਧਰ ਅਨੁਸਾਰ ਭਾਸ਼ਾ ਬੁਲਵਾਈ ਹੈ। ਇਥੋਂ ਤੱਕ ਕਿ ਆਧੁਨਿਕ ਤਕਨੀਕੀ ਭਾਸ਼ਾ ਦੀ ਵਰਤੋਂ ਵੀ ਕੀਤੀ ਗਈ ਹੈ, ਦੇਖੋ ਨਮੂਨਾ :

> ''ਸਤੀਸ਼ ਵਰਮਾ ਇਕ ਦਮ ਝਟਕੇ ਨਾਲ ਰੁਕਿਆ... ਮੱਥੇ ਤੇ ਹੱਥ ਰੱਖ ਕੇ ਦਿਮਾਗ ਦੇ ਡੈਸਕਟਾਪ ਉਤੇ ਕਰਸਰ ਘੁੰਮਾਇਆ ਤੇ ਫਿਰ ਚੁਟਕੀ ਮਾਰ ਕੇ ਡਬਲ ਕਲਿੱਕ ਕਰ ਦਿੱਤਾ।'' (ਪੰਨਾ-16)

ਇਉਂ ਲੇਖਕ ਆਪਣੀ ਰਚਨਾ ਵਿਚ ਰੌਚਕਤਾ ਪੈਦਾ ਕਰਨ ਲਈ ਵੱਖ-ਵੱਖ ਪੱਧਰਾਂ ਦੀ ਭਾਸ਼ਾ ਦੀ ਵਰਤੋਂ ਹੀ ਨਹੀਂ ਕਰਦਾ ਸਗੋਂ ਸਮੇਂ-ਸਮੇਂ ਤੇ ਹਸਾਉਣੇ ਟੋਟਕਿਆਂ ਦੀ ਕੀਤੀ ਵਰਤੋਂ ਪਾਠਕ ਨੂੰ ਵੀ ਹੱਸਣ 'ਤੇ ਮਜਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਵੱਖ-ਵੱਖ ਜੁਗਤਾਂ ਵਰਤ ਕੇ ਆਪਣੇ ਸਫ਼ਰਨਾਮਿਆਂ ਵਿਚ ਪਾਠਕ ਦੀ ਰੌਚਕਤਾ ਬਣਾਈ ਰੱਖਣਾ ਧਾਲੀਵਾਲ ਦੀ ਅਹਿਮ ਪ੍ਰਾਪਤੀ ਹੈ।

ਨਿਸਕਰਸ ਵਜੋਂ ਕਿਹਾ ਜਾ ਸਕਦਾ ਹੈ ਕਿ ਹਥਲੀ ਰਚਨਾ ਪਾਕਿਸਤਾਨ ਬਾਰੇ ਬਹੁ-ਪਰਿਪੇਖੀ, ਬਹੁ-ਪਾਸਾਰੀ ਤੇ ਬਹੁ-ਮੰਤਵੀ ਜਾਣਕਾਰੀ ਦੇਣ ਵਾਲੀ ਹੈ।